# हथ जोड़ माँ तैनू कहना है

ਕਹਿਣਾ ਏ,,, ॥ ਹੱਥ ਜੋੜ, ਮਾਂ ਤੈਨੂੰ ਕਹਿਣਾ ਏ ॥
ਦਿਲ ਦੀ ਕਹਿ ਕੇ, ਦਿਲ ਹੌਲ਼ਾ ਕਰ ਲੈਣਾ ਏ, ਮਾਂ,,,
ਕਹਿਣਾ ਏ,,, ॥ ਹੱਥ ਜੋੜ, ਮਾਂ ਤੈਨੂੰ,,,,,,,,,,,

ਰੀਤ ਨਿਰਾਲੀ, ਤੇਰੇ ਦਰ ਦੀ ।
ਕੱਖਾਂ ਨੂੰ ਮਾਂ, ਲੱਖ ਦੀ ਕਰਦੀ ॥
*ਰਹਿਮਤਾਂ ਵਾਲਾ ਧੰਨ, ਅਸੀਂ ਵੀ ਲੈਣਾ ਏ, ਮਾਂ,,,
ਕਹਿਣਾ ਏ,,, ॥ ਹੱਥ ਜੋੜ, ਮਾਂ ਤੈਨੂੰ,,,,,,,,,,,F

ਆਪਣੇ ਰੰਗਾਂ ਵਿੱਚ, ਮਾਂਏਂ ਰੰਗਦੇ ।
ਪਿਆਰ ਦਾ ਤੈਥੋਂ, ਖਜ਼ਾਨਾ ਮੰਗਦੇ ॥
*ਪਿਆਰ ਤੇਰਾ ਮਾਂ, ਸੁੱਖਾਂ ਵਾਲਾ ਗਹਿਣਾ ਏ, ਮਾਂ,,,
ਕਹਿਣਾ ਏ,,, ॥ ਹੱਥ ਜੋੜ, ਮਾਂ ਤੈਨੂੰ,,,,,,,,,,,F

ਲੱਖਾਂ ਪਾਪੀ, ਤੂੰ ਮਾਂ ਤਾਰੇ ।
ਦੁਨੀਆਂ ਨੂੰ, ਸੁੱਖ ਦੇਵੇਂ ਸਾਰੇ ॥
*ਬੱਚਿਆਂ ਦਾ ਦੁੱਖ, ਤੈਨੂੰ ਹਰਨਾ ਪੈਣਾ ਏ, ਮਾਂ,,,
ਕਹਿਣਾ ਏ,,, ॥ ਹੱਥ ਜੋੜ, ਮਾਂ ਤੈਨੂੰ,,,,,,,,,,,F

ਮੇਹਰਾਂ ਵਾਲੀਏ, ਮੇਹਰ ਮਾਂ ਕਰਦੇ ।
ਨੀਲੇ ਵਰਗੇ, ਅਰਜ਼ਾਂ ਕਰਦੇ ॥
ਤੇਰੇ ਹੁੰਦਿਆਂ, ਹੋਰ ਦੁੱਖ ਨਹੀਂ ਸਹਿਣਾ ਏ, ਮਾਂ,,,
ਕਹਿਣਾ ਏ,,, ॥ ਹੱਥ ਜੋੜ, ਮਾਂ ਤੈਨੂੰ,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27786/title/hath-jod-maa-tainu-kehna-hai

अपने Android मोबाइल पर BhajanGanga App डाउनलोड करें और भजनों का आनंद ले |